ਵੱਲੋ

ਮੁੱਖ ਨਗਰ ਯੋਜਨਾਕਾਰ
ਪੰਜਾਬ, ਚੰਡੀਗੜ੍ਹ ।

ਸੇਵਾ ਵਿਖੇ

(1) ਸੀਨੀਅਰ ਨਗਰ ਯੋਜਨਾਕਾਰ
ਲੁਧਿਆਣ/ਪਟਿਆਲਾ/ਜਲੰਧਰ/ਅੰਮ੍ਰਿਤਸਰ/ਐਸ.ਏ.ਐਸ ਨਗਰ

(2) ਜਿਲ੍ਹਾ ਨਗਰ ਯੋਜਨਾਕਾਰ
ਗੁਰਦਾਸਪੁਰ/ਹੁਸ਼ਿਆਰਪੁਰ/ਫਰੀਦਕੋਟ/ਫਿਰੋਜਪੁਰ/ਬਠਿੰਡਾ/ਸੰਗਰੂਰ/ਫਤਹਿਗੜ੍ਹ ਸਾਹਿਬ

(3) ਡਿਪਟੀ ਜਿਲ੍ਹਾ ਨਗਰ ਯੋਜਨਾਕਾਰ, ਕਪੂਰਥਲਾ

ਯਾਦ ਪੱਤਰ ਨੰ: 6846-58 ਸੀ.ਟੀ.ਪੀ(ਪਬ)/ਐਸਪੀ-7
ਮਿਤੀ ਚੰਡੀਗੜ੍ਹ ਦੀ 19.12.2005

ਵਿਸ਼ਾ :- **10 ਏਕੜ ਤੱਕ ਦੀਆਂ ਕਲੋਨੀਆਂ ਨੂੰ ਐਲ.ਓ.ਆਈ./ਲਾਇਸੈਸ ਜਾਰੀ ਕਰਨ ਸਬੰਧੀ।**

ਆਪ ਜੀ ਵਲੋਂ ਆਪਣੇ ਅਧਿਕਾਰ ਖੇਤਰ ਵਿੱਚ ਸਰਕਾਰ ਦੇ ਹੁਕਮ ਅਨੁਸਾਰ 10 ਏਕੜ ਤੋਂ ਘੱਟ ਰਕਬੇ ਦੀਆਂ ਕਲੋਨੀਆਂ ਨੂੰ ਲਾਇਸੈਂਸ ਜਾਰੀ ਕੀਤੇ ਜਾਂਦੇ ਹਨ। ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਆਪ ਜੀ ਵਲੋਂ ਐਲ.ਓ.ਆਈ. ਜਾਰੀ ਕਰਦੇ ਸਮੇਂ ਸਮਰੱਥ ਅਧਿਕਾਰੀ, ਪੁੱਡਾ ਨੂੰ ਕਾਪੀ ਨਹੀ ਭੇਜੀ ਜਾਂਦੀ ਜਿਸ ਕਾਰਨ ਉਹਨਾਂ ਵਲੋਂ ਪ੍ਰੋਮੋਟਰ ਤੋਂ ਈ.ਡੀ.ਸੀ. ਜਾਂ ਕੋਈ ਹੋਰ ਬਕਾਇਆ ਜੋ ਰਹਿੰਦਾ ਹੋਵੇ ਸਬੰਧੀ ਸੂਚਨਾ ਆਪ ਜੀ ਨੂੰ ਪ੍ਰਾਪਤ ਨਹੀ ਹੁੰਦੀ। ਇਸ ਲਈ ਆਪ ਜੀ ਵਲੋਂ ਜੋ ਵੀ ਐਲ.ਓ.ਆਈ. ਜਾਰੀ ਕੀਤੇ ਜਾਂਦੇ ਹਨ ਉਹਨਾਂ ਦੀ ਕਾਪੀ ਸਮਰੱਥ ਅਧਿਕਾਰੀ, ਪੁੱਡਾ ਭਵਨ, ਸੈਕਟਰ-62, ਐਸ.ਏ.ਐਸ ਨਗਰ ਨੂੰ ਵੀ ਭੇਜੀ ਜਾਇਆ ਕਰੇ ਅਤੇ ਉਹਨਾਂ ਦਾ ਜਵਾਬ ਪ੍ਰਾਪਤ ਹੋਣ ਉਪਰੰਤ ਲਾਇਸੈਂਸ ਜਾਰੀ ਕੀਤਾ ਜਾਇਆ ਕਰੇ। ਜੇਕਰ ਸਮੇਂ ਸਿਰ ਆਪ ਜੀ ਨੂੰ ਸਮਰੱਥ ਅਧਿਕਾਰੀ ਪੁੱਡਾ ਤੋਂ ਈਡੀਸੀ ਦੇ ਨੋ ਡਿਊ ਬਾਰੇ ਸੂਚਨਾ ਪ੍ਰਾਪਤ ਨਹੀ ਹੁੰਦੀ ਤਾਂ ਪ੍ਰੋਮੋਟਰ ਨੂੰ ਇਹ ਸੂਚਨਾ ਸਮਰਥ ਅਧਿਕਾਰੀ ਪੁੱਡਾ ਤੋਂ ਦਸਤੀ ਹਾਸਲ ਕਰਨ ਬਾਰੇ ਕਿਹਾ ਜਾਇਆ ਕਰੇ ਅਤੇ ਪੁੱਡਾ ਤੋਂ ਨੋਂ ਡਿਊ ਪ੍ਰਾਪਤ ਹੋਣ ਉਪਰੰਤ ਹੀ ਲਾਇਸੈਸ ਦਿੱਤਾ ਜਾਇਆ ਕਰੇ।

ਮੁੱਖ ਨਗਰ ਯੋਜਨਾਕਾਰ
ਪੰਜਾਬ, ਚੰਡੀਗੜ੍ਹ

ਪਿੱਠ ਅੰਕਣ ਨੰ:ਸੀਟੀਪੀ(ਪਬ)/ਮਿਤੀ

ਇਸ ਪੱਤਰ ਦਾ ਇਕ ਉਤਾਰਾ ਅਧਿਕਾਰੀ, ਪੰਜਾਬ ਸ਼ਹਿਰੀ ਤੇ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ) (ਲਾਇਸੈਂਸਿੰਗ ਸ਼ਾਖਾ) ਪੁੱਡਾ ਭਵਨ, ਸੈਕਟਰ-62, ਐਸ.ਏ.ਐਸ ਨਗਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਮੁੱਖ ਨਗਰ ਯੋਜਨਾਕਾਰ
ਪੰਜਾਬ, ਚੰਡੀਗੜ੍ਹ